# ਮੰਡੀ ਵਰਤਾਰੇ ਨੇ ਮੇਰੇ ਅੰਦਰਲੇ ਸਿਰਜਕ ਨੂੰ ਗੀਤਾਂ ਦੇ ਰਾਹ ਤੋਰਿਆ – ਮੱਖਣ ਲੁਹਾਰ

ਮੁਲਾਕਾਤੀ : ਅਜਮੇਰ ਸਿੱਧੂ

ਪੰਜਾਬ ਦੇ ਦੋ ਮੱਖਣ (ਮੱਖਣ ਬਰਾੜ ਅਤੇ ਮੱਖਣ ਲੁਹਾਰ ) ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਛਾਏ ਹੋਏ ਹਨ। ਮੱਖਣ ਲੁਹਾਰ (ਮੱਖਣ ਲੁਹਾਰਾਂ ਵਾਲਾ) ਨੇ ਲਗਭੱਗ 100 ਗੀਤਾਂ ਦੀ ਰਚਨਾ ਕੀਤੀ। ਲਗਭੱਗ 25 ਗਾਇਕਾਂ ਨੇ ਉਸ ਦੇ 45 ਦੇ ਨੇੜੇ ਗੀਤ ਰਿਕਾਰਡ ਕਰਵਾਏ। ਇਨ੍ਹਾਂ ਵਿੱਚੋਂ ਪ੍ਰਮੁੱਖ ਹਨ :-



1. ਸ਼ਾਹਾਂ ਦੀਏ ਕੁੜੀਏ ਗਰੀਬ ਦਿੱਤਾ ਮਾਰ ਨੀ (ਸੁਖਵਿੰਦਰ ਪੰਛੀ)
2. ਨਾਗ ਸਾਂਭ ਲੈ ਜ਼ੁਲਫਾਂ ਦੇ (ਜੇਜੀ ਬੀ.)
3. ਦਿਲਦਾਰ ਹੱਟਾਂ 'ਤੇ ਨਹੀਂ ਵਿਕਦੇ,<br>ਮਿਲਦਾ ਨਹੀਂ ਮੁੱਲ ਪਿਆਰ ਕੁੜੇ। (ਬੁੱਕਣ ਜੱਟ)
4. ਸੋਹਣੇ ਸੱਜਣਾਂ ਨੂੰ ਦੇਈਏ ਕਦੇ ਨਾ ਧੋਖਾ (ਬਲਵਿੰਦਰ ਸਫ਼ਰੀ)
5. ਪਹੁੰਚ ਕੇ ਕਨੈਡਾ ਹਾਣੀਆਂ,<br>ਭੇਜ ਦਊਂਗੀ ਰਾਹ ਦਾਰੀ ਤੇਰੀ (ਅਮਰ ਅਰਸ਼ੀ ਤੇ ਅੰਮ੍ਰਿਤਾ ਵਿਰਕ)
6. ਹੁਣ ਤਾਂ ਪੰਚਾਇਤੀ ਵੀ ਪੁੱਛ ਕੇ,<br>ਤੇਰੇ ਬਾਪੂ ਨੂੰ ਗੱਲ ਕਰਦੇ ਨੇ । (ਦੁਰਗਾ ਰੰਗੀਲਾ ਤੇ ਸੁਖਦੇਵ ਸਾਹਿਲ)

ਮੱਖਣ ਲੁਹਾਰ ਦੀ ਗੀਤਕਾਰੀ ਦੇ ਖੇਤਰ ਵਿੱਚ ਜਾਣ-ਪਛਾਣ 'ਸ਼ਾਹਾਂ ਦੀਏ ਕੁੜੀਏ ਗਰੀਬ ਦਿੱਤਾ ਮਾਰ ਨੀ' ਨਾਲ ਹੋਈ। 'ਨਾਗ ਸਾਂਭ ਲੈ ਜੁਲਫ਼ਾਂ ਦੇ' ਗੀਤ ਨੇ ਉਸ ਨੂੰ ਸੰਸਾਰ ਪੱਧਰ 'ਤੇ ਪੰਜਾਬੀ ਭਾਈਚਾਰੇ ਵਿੱਚ ਮਕਬੂਲ ਕਰਵਾਇਆ। ਉਸਨੇ ਅਜੇ ਹੋਰ ਅਜਿਹੇ ਗੀਤ ਪੰਜਾਬੀ ਗਾਇਕੀ ਨੂੰ ਦੇਣੇ ਸਨ। ਪਰ ਉਹਨੂੰ ਰੋਟੀ ਉਧਾਲ ਕੇ ਅਮਰੀਕਾ ਲੈ ਗਈ। ਉਥੋਂ ਦੀ ਕਿਰਤੀਆਂ ਵਾਲੀ ਜ਼ਿੰਦਗੀ ਅਤੇ ਸੈੱਟ ਹੋਣ ਦੇ ਚੱਕਰ ਨੇ ਉਸ ਦੇ 10-11 ਸਾਲ ਖਾ ਲਏ। ਹੁਸ ਉਹਨੇ ਆਪਣੇ ਗੀਤਾਂ ਦੀ ਕਿਤਾਬ 'ਨਾਗ ਸਾਂਭ ਲੈ ਜੁਲਫ਼ਾਂ ਦੇ' ਟਾਈਟਲ ਹੇਠ ਛਪਵਾਈ ਹੈ। ਉਸ ਦੇ ਨਵੇਂ ਗੀਤ ਦੁਰਗਾ ਰੰਗੀਲਾ, ਬੱਬੂ ਗੁਰਪਾਲ, ਕੇ. ਐੱਸ. ਮੱਖਣ ਅਤੇ ਸੁਖਦੇਵ ਸਾਹਿਲ ਨੇ ਗਾਏ ਹਨ। ਉਸ ਨਾਲ ਕੀਤੀ ਮੁਲਾਕਾਤ ਦੇ ਕੁੱਝ ਅੰਸ਼ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ।___

? ਮੱਖਣ ਜੀ, ਆਪਣੇ ਬਾਰੇ ਜਾਣ-ਪਛਾਣ ਕਰਵਾਓ?

o ਮੈਂ ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਦੇ ਪਿੰਡ ਲੁਹਾਰਾਂ (ਨੇੜੇ ਗੁਰਾਇਆਂ-ਫਗਵਾੜਾ) ਦਾ ਜੰਮਪਲ ਹਾਂ।ਬੀ. ਏ. ਕਰਨ ਤੱਕ ਮੈਂ ਪ੍ਰੋਫੈਸ਼ਨਲ ਗਾਇਕੀ ਨਾਲ ਜੁੜ ਚੁੱਕਾ ਸੀ। ਜਗਤਪੁਰ ਜੱਟਾਂ ਦੇ ਜਨਾਬ ਚਰਨਜੀਤ ਜੀਤ ਮੇਰੇ ਗੁਰੂ ਹਨ। ਮੈਂ ਸ਼ਹੀਦ ਉਧਮ ਸਿੰਘ ਯੂਥ ਕਲੱਬ, ਲੁਹਾਰਾਂ ਅਤੇ ਪੰਜਾਬੀ ਸੱਭਿਆਚਾਰ ਅਤੇ ਲੋਕ ਭਲਾਈ ਮੰਚ, ਪੰਜਾਬ (ਰਜਿ.) ਦਾ ਕਰਤਾ ਧਰਤਾ ਰਿਹਾ ਹਾਂ। ਇਨ੍ਹਾਂ ਸੰਸਥਾਵਾਂ ਰਾਹੀਂ ਅਸੀਂ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ, ਹੁਸ਼ਿਆਰ ਵਿਦਿਆਰਥੀਆਂ ਨੂੰ ਮਾਇਕ ਸਹਾਇਤਾਂ ਦਿੰਦੇ ਰਹੇ, ਬੱਚਿਆਂ ਨੂੰ ਪੜਾਉਂਦੇ ਰਹੇ, ਅੱਤਵਾਦ ਦੇ ਕਾਲੇ ਦਿਨਾਂ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਉਂਦੇ ਰਹੇ। ਮੇਰੀ 42 ਸਾਲ ਉੱਮਰ ਹੈ ਤੇ ਤਿੰਨ ਬੱਚੇ ਹਨ। ਇਸ ਵੱਡੇ ਮੁਲਕ ਵਿੱਚ ਕਿਰਤ ਕਰਦਾ ਹਾਂ। ਨੱਠ ਭੱਜ ਵਾਲੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਲਿਖਣ ਦਾ ਸ਼ੌਂਕ ਪਾਲਦਾ ਹਾਂ।

? ਤੁਸੀਂ ਵਿਦਿਆਰਥੀ ਜੀਵਨ ਦੌਰਾਨ ਸੰਸਥਾਵਾਂ ਰਾਹੀਂ ਪਿੰਡ ਦੀ ਸਫ਼ਾਈ ਦੇ ਬਹਾਨੇ ਸਮਾਜ ਦੀ ਸਫ਼ਾਈ ਕਰਨ ਦਾ ਕਾਰਜ ਵਿੱਢਿਆ ਸੀ। ਫੇਰ ਪ੍ਰੋਫੈਸ਼ਨਲ ਗਾਇਕੀ ਦੇ ਵੱਲ ਕਿਵੇਂ ਮੁੜੇ?

o ਸਮਾਜ ਨੂੰ ਬਦਲਣ ਦਾ ਕਾਰਜ ਵੱਡਾ ਹੈ। ਮੈਂ ਸਮਾਜ ਬਦਲਣ ਲਈ ਕਲਮ ਨੂੰ ਵਰਤਿਆ। ਸ਼ੁਰੂ ਵਿੱਚ ਮੈਂ ਸਮਾਜ ਸੁਧਾਰਕ ਗੀਤ ਲਿਖੇ, ਉਨ੍ਹਾਂ ਨੂੰ ਗਾਉਣਾ ਵੀ ਆਪ ਪੈਂਦਾ ਸੀ। ਸਰੋਤੇ ਇਕੱਠੇ ਕਰਨ ਅਤੇ ਬਿਠਾਉਣ ਦਾ ਪ੍ਰਬੰਧ ਵੀ ਆਪ ਕਰਨਾ ਪੈਂਦਾ ਸੀ। ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਸਰਦਾਰੀ ਦੇ ਵਿਰੋਧ ਵਿੱਚ 'ਸ਼ਾਹਾਂ ਦੀਏ ਕੁੜੀਏ ਗਰੀਬ ਦਿੱਤਾ ਮਾਰ ਨੀ' ਗੀਤ ਲਿਖਿਆ। ਮੇਰੇ ਗਾਇਕ ਦੋਸਤ ਸੁਖਵਿੰਦਰ ਪੰਛੀ ਨੇ ਇਸ ਗੀਤ ਨੂੰ ਗਾਇਆ। ਇਸ ਗੀਤ ਨਾਲ ਮੈਂ ਲੋਕਾਂ ਵਿੱਚ ਚਰਚਿਤ ਹੋਇਆ। ਇਸ ਗੀਤ ਨਾਲ ਜਿਹੜੀ ਮੈਨੂੰ ਹੱਲਾਸ਼ੇਰੀ ਮਿਲੀ। ਉਸ ਤੋਂ ਪ੍ਰਭਾਵਿਤ ਹੋ ਕੇ ਮੈਂ ਪ੍ਰੋਫੈਸ਼ਨਲ ਗਾਇਕੀ ਵੱਲ ਮੁੜਿਆ।

? ਵਪਾਰਕ ਗੀਤਾਂ ਵੱਲ ਮੋੜਾ ਆਪ ਹੀ ਕੱਟ ਲਿਆ ਜਾਂ....?

o ਗਾਇਕਾਂ ਅਤੇ ਮਾਰਕੀਟ ਦੀ ਮੰਗ ਮੁਤਾਬਕ ਮੋੜ ਕੱਟਣਾ ਪਿਆ। ਗੀਤ ਲਿਖਣ ਵਾਲਾ ਜਦੋਂ ਮਾਰਕੀਟ ਵਿੱਚ ਆ ਜਾਂਦਾ ਹੈ ਤਾਂ ਉਹ ਮਾਰਕੀਟ ਦੀ ਹੀ ਮੰਗ ਪੂਰੀ ਕਰਦਾ ਹੈ। ਨਾਲੇ ਉਹ ਹਰ ਪਹਿਲੂ ਤੇ ਹੱਥ ਅਜਮਾਉਂਦਾ ਹੈ। ਅਜਿਹੀ ਗਾਇਕੀ ਨੇ ਗਾਇਕਾਂ ਨੂੰ ਖੁਸ਼ਹਾਲ ਕੀਤਾ ਤੇ ਚਿਹਰਿਆਂ ਤੇ ਰੌਣਕਾਂ ਲਿਆਂਦੀਆਂ।

? ਅਜਿਹੇ ਗੀਤਾਂ ਦੀ ਲੋਕਾਂ ਨੂੰ ਕੀ ਦੇਣ ਹੈ ?

**੦ ਮੈਨੂੰ ਕਿਸੇ ਦੇ ਗੀਤਾਂ ਦਾ ਪਤਾ ਨਹੀਂ। ਜਦੋਂ ਮੈਂ ਲਿਖਣ ਲੱਗਿਆ। ਲਗਭਗ ਦੋ ਦਹਾਕੇ ਪਹਿਲਾਂ ਦੀ ਗਾਇਕੀ ਲੱਚਰਪੁਣੇ, ਜਾਤਪਾਤ ਹਊਮੈ ਅਤੇ ਰਿਸ਼ਤਿਆਂ ਦੇ ਪਤੱਤਪੁਣੇ ਦੀ ਗਾਇਕੀ ਸੀ। ਇੱਕ ਤਰ੍ਹਾਂ ਕਹਾਂ ਕਿ ਉਹ ਗਾਇਕੀ ਟਰੱਕਾਂ ਅਤੇ ਮੋਟਰਾਂ ਤੇ ਵੱਜਣ ਵਾਲੀ ਸੀ। ਅਸੀਂ ਉਸ ਗਾਇਕੀ ਤੋਂ ਨਾਤਾ ਤੋੜ ਕੇ ਸਾਫ ਸੁਥਰੀ ਗਾਇਕੀ ਵੱਲ ਮੋੜਾ ਦਿੱਤਾ। ਇਹ ਸਾਰਾ ਅਸੀਂ ਗੁਰਦਾਸ ਮਾਨ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਕੀਤਾ ਅਤੇ ਆਪਣੀ ਸੋਝੀ ਵੀ ਸੀ। ਹੁਣ ਦੀ ਪੰਜਾਬੀ ਗਾਇਕੀ ਪੜ੍ਹੇ ਲਿਖੇ ਅਤੇ ਸ਼ਹਿਰੀ ਵਰਗ ਨੂੰ ਵੀ ਪਸੰਦ ਹੈ।**

**? ਮੇਰਾ ਸਵਾਲ ਤੁਹਾਡੇ ਗੀਤਾਂ ਦੇ ਸੰਦਰਭ ਵਿੱਚ ਸੀ ?**

੦ ਮੇਰਾ ਚਰਚਿਤ ਹੋਇਆ ਪਹਿਲਾ ਗੀਤ 'ਸ਼ਾਹਾਂ ਦੀਏ ਕੁੜੀਏ ਗਰੀਬ ਦਿੱਤਾ ਮਾਰ ਨੀ' ਵੱਡੇ ਘਰਾਂ ਦੀ ਸਰਦਾਰੀ ਲਈ ਪ੍ਰਤੀਰੋਧ ਸੀ। 'ਨਾਗ ਸਾਂਭ ਲੈ ਜੁਲਫਾਂ ਦੇ' ਪੱਛਮੀ ਸੱਭਿਆਚਾਰ ਦੇ ਫੈਲਾਅ ਦੇ ਮੁਕਾਬਲੇ ਪੁਰਾਣੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਦਾ ਹੈ। ਪੰਜਾਬ ਦੇ ਲੋਕ ਗੀਤ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਥੱਲੇ ਆ ਰਹੇ ਹਨ। ਮੇਰੇ ਗੀਤ ਕਰਕੇ ਗਾਇਕ ਅਤੇ ਗੀਤਕਾਰਾਂ ਨੇ ਵੀ ਪੁਰਾਤਨ ਪੰਜਾਬੀ ਗਾਇਕੀ ਅਤੇ ਵਿਰਸੇ ਨਾਲ ਜੁੜਣ ਤੇ ਉਸ ਦੀ ਵਰਤੋਂ ਕਰਨ ਤੇ ਜ਼ੋਰ ਦਿੱਤਾ। ਮੇਰੇ ਗੀਤਾਂ ਨੇ ਲੱਚਰ ਗੀਤ ਲਿਖਣ ਅਤੇ ਗਾਉਣ ਵਾਲਿਆਂ ਨੂੰ ਰਾਹ ਵਿਖਾਇਆ। ਅੱਜ ਦੀ ਗਾਇਕੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਛਾਈ ਹੋਈ ਹੈ। ਹਿੰਦੀ ਫਿਲਮਾਂ ਵਿੱਚ ਪੰਜਾਬੀ ਗੀਤਾਂ ਦੀ ਵਰਤੋਂ ਜ਼ਰੂਰੀ ਸਮਝੀ ਜਾਣ ਲੱਗੀ ਹੈ। ਵਿਦੇਸ਼ਾਂ ਵਿੱਚ ਗੋਰਿਆਂ ਦੇ ਕਲੱਬਾਂ ਵਿੱਚ ਪੰਜਾਬੀ ਸੰਗੀਤ ਵੱਜ ਰਿਹਾ ਹੈ।

? ਪਰ ਅੱਜ ਦੀ ਗਾਇਕੀ ਗਾਉਣ ਦੀ ਘੱਟ ਅਤੇ ਸਰੀਰ ਦੇ ਅੰਗ ਦਿਖਾਉਣ ਦੀ ਜ਼ਿਆਦਾ ਹੈ?

੦ ਅੱਜ ਦੀ ਗਾਇਕੀ ਪਹਿਲੀ ਦੀ ਵਜਾਏ ਸਾਫ ਸੁਥਰੀ ਗਾਈ ਜਾ ਰਹੀ ਹੈ। ਗਾਇਕੀ ਦਾ ਭੱਠਾ ਚਿਤਰਹਾਰਾਂ ਨੇ ਬਿਠਾਇਆ। ਗੀਤਕਾਰ ਜਾਂ ਗਾਇਕ ਬਦਨਾਮ ਹੁੰਦੇ ਹਨ। ਪਰ ਇਹ ਸਾਰਾ ਪ੍ਰਤਾਪ ਵਪਾਰਕ ਕੰਪਨੀਆਂ ਦਾ ਆ।

? ਕੰਪਨੀਆਂ ਨੇ ਗਾਇਕੀ ਨੂੰ ਪੂਰੀ ਤਰਾਂ ਮੰਡੀਆਂ ਦਾ ਮਾਲ ਬਣਾ ਦਿੱਤਾ। ਇਸ ਮੰਡੀ ਵਿੱਚ ਗੀਤਕਾਰ ਕਿਥੇ ਖੜ੍ਹਾ ਹੈ?

੦ ਗਾਇਕ ਅਤੇ ਕੰਪਨੀਆਂ ਪਹਿਲਾਂ ਵੀ ਖੱਟਦੇ ਸਨ ਤੇ ਹੁਣ ਵੀ। ਗੀਤਕਾਰ ਪਹਿਲਾਂ ਵੀ ਖੂਹਾਂ ਵਿੱਚ ਛਾਲਾਂ ਮਾਰਦਾ ਸੀ। ਹੁਣ ਤਿਲ-ਤਿਲ ਮਰਦਾ ਹੈ। ਪਹਿਲੇ ਸਮਿਆਂ ਵਿੱਚ ਦੋ ਕੁ ਕੰਪਨੀਆਂ ਹੁੰਦੀਆਂ ਸਨ। ਉਹ ਮਾੜੀ ਮੋਟੀ ਰਿਆਲਟੀ ਦਿੰਦੀਆਂ ਸਨ। ਰਿਕਾਰਡ ਵੀ ਰੱਖਦੇ ਸਨ। ਹੁਣ ਕੰਪਨੀਆਂ ਦੀ ਆਪਾ ਧਾਪੀ ਪਈ ਹੋਈ ਹੈ। ਗੀਤਕਾਰ ਨੂੰ ਕੁੱਝ ਵੀ ਨਹੀਂ ਮਿਲਦਾ। ਕੰਪਨੀਆਂ ਦਾ ਆਪਣਾ ਸਿਸਟਮ ਹੈ। ਅਖਾੜੇ ਲਾਉਣ ਪਿੱਛੇ ਲੱਖਾਂ ਰੁਪਏ ਦਾ ਬਿਜ਼ਨਸ ਹੈ। ਗੀਤਕਾਰ ਤਾਂ ਵਿਚਾਰਾ ਮੇਲੇ 'ਚ ਚੱਕੀ ਰਾਹਾ।

?'ਸ਼ਾਹਾਂ ਦੀ ਕੁੜੀਏ' ਨਾਲ ਸੁਖਵਿੰਦਰ ਪੰਛੀ ਦੀ ਚੜ੍ਹਾਈ ਹੋਈ ਸੀ। 'ਨਾਗ ਸਾਂਭ ਲੈ ਜੁਲਫਾਂ ਦੇ ਨਾਲ' ਜ਼ੈਜ਼ੀ ਬੀ ਦੀ। ਕੀ ਤੁਸੀਂ ਇਨ੍ਹਾਂ ਗਾਇਕਾਂ ਨੂੰ ਪ੍ਰਸਿੱਧੀ ਦਿੱਤੀ।

੦ (ਹੱਸ ਕੇ) ਤੁਸੀਂ ਮੇਰੇ ਰਾਹੀਂ ਕਹਿੰਦੇ ਹੋ ਕਿ ਮੈਂ ਉਨ੍ਹਾਂ ਨੂੰ ਪ੍ਰਸਿੱਧੀ ਦੁਆਈ। ਉਹ ਕਹਿ ਸਕਦੇ ਹਨ ਕਿ ਉਨ੍ਹਾਂ ਨੇ ਮੱਖਣ ਲੁਹਾਰ ਨੂੰ ਪੈਦਾ ਕੀਤਾ ਹੈ। ਇਹ ਦੋਨੋਂ ਰਾਵਾਂ ਠੀਕ ਨਹੀਂ ਹਨ। ਮੈਂ ਤਾਂ ਇੰਨਾ ਕਹਾਂਗਾ ਕਿ ਇਨ੍ਹਾਂ ਗੀਤਾਂ ਕਰਕੇ ਮੇਰੇ ਉਨ੍ਹਾਂ ਪਿਆਰੇ ਦੋਸਤਾਂ ਨੂੰ ਅਤੇ ਮੈਨੂੰ ਮਕਬੂਲ ਹੋਣ ਦਾ ਮੌਕਾ ਮਿਲਿਆ।

? ਤੁਸੀਂ ਗੀਤਕਾਰੀ ਵਿਚੋਂ ਕੀ ਖੱਟਿਆ?

੦ ਗੀਤਕਾਰੀ ਦੇ ਸਿਰ 'ਤੇ ਮੈਂ ਅਮਰੀਕਾ ਗਿਆ।